# ਵਿਕਟੋਰੀਆ ਦੀਆਂ ਅਰਜੇਂਟ ਕੇਅਰ ਸਰਵਿਸਿਜ਼ ਮੁਫ਼ਤ ਵਿੱਚ ਤੇਜ਼ੀ ਨਾਲ ਮੱਦਦ ਪ੍ਰਦਾਨ ਕਰਦੀਆਂ ਹਨ।

ਤੁਸੀਂ ਸੋਮਵਾਰ ਤੋਂ ਲੈ ਕੇ ਐਤਵਾਰ ਤੱਕ, ਦਿਨ ਅਤੇ ਰਾਤ ਨੂੰ ਕਿਸੇ ਵੀ ਸਮੇਂ, ਇਨ੍ਹਾਂ ਸਿਹਤ ਸੰਭਾਲ ਸੇਵਾਵਾਂ ਤੱਕ ਪਹੁੰਚ ਕਰ ਸਕਦੇ ਹੋ, ਜਦੋਂ ਤੁਹਾਨੂੰ ਤੁਰੰਤ ਜ਼ਰੂਰੀ ਸਿਹਤ ਸੰਭਾਲ ਦੀ ਲੋੜ ਹੁੰਦੀ ਹੈ, ਪਰ ਇਹ ਜਾਨ ਲਈ ਜ਼ੋਖਮ ਵਾਲੀ ਨਹੀਂ ਹੁੰਦੀ ਹੈ।

- ਤੁਹਾਨੂੰ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿੱਚ ਉਡੀਕ ਕਰਨ ਦੀ ਲੋੜ ਨਹੀਂ ਹੈ
- ਤੁਹਾਨੂੰ ਆਪਣੇ GP ਤੋਂ ਅਪੋਇੰਟਮੈਂਟ ਜਾਂ ਰੈਫ਼ਰਲ ਲੈਣ ਦੀ ਲੋੜ ਨਹੀਂ ਹੈ
- ਤੁਸੀਂ 24 ਘੰਟੇ ਦੇਖਭਾਲ ਤੱਕ ਪਹੁੰਚ ਕਰ ਸਕਦੇ ਹੋ
- ਤੁਰੰਤ ਦੇਖਭਾਲ ਸੇਵਾਵਾਂ ਵਿਕਟੋਰੀਆ ਭਰ ਵਿੱਚ ਉਪਲਬਧ ਹਨ
- ਤੁਹਾਨੂੰ ਮੈਡੀਕੇਅਰ ਕਾਰਡ ਦੀ ਲੋੜ ਨਹੀਂ ਹੈ
- ਤੁਸੀਂ ਤੁਰੰਤ ਮਾਹਰ ਦੇਖਭਾਲ ਕਰਨ ਵਾਲੇ ਡਾਕਟਰਾਂ ਅਤੇ ਨਰਸਾਂ ਨਾਲ ਗੱਲ ਕਰ ਸਕਦੇ ਹੋ

## ਤੁਸੀਂ ਤਿੰਨ ਤਰੀਕਿਆਂ ਨਾਲ ਜ਼ਰੂਰੀ ਦੇਖਭਾਲ ਤੱਕ ਪਹੁੰਚ ਕਰ ਸਕਦੇ ਹੋ:



**ਨਰਸ-ਔਨ-ਕਾਲ**

**ਜਦੋਂ ਤੁਸੀਂ ਕਿਸੇ ਨਾਲ ਫ਼ੋਨ 'ਤੇ ਗੱਲ ਕਰਨਾ ਚਾਹੁੰਦੇ ਹੋ**

ਇਹ ਮੁਫ਼ਤ ਹੈਲਪਲਾਈਨ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੈ। ਤੁਹਾਨੂੰ ਸਿਹਤ ਸਲਾਹ ਲਈ ਤੁਰੰਤ ਰਜਿਸਟਰਡ ਨਰਸ ਨਾਲ ਜੋੜਿਆ ਜਾਵੇਗਾ। 1300 60 60 24 'ਤੇ ਫ਼ੋਨ ਕਰੋ।



**ਵਰਚੁਅਲ ਐਮਰਜੈਂਸੀ ਕੇਅਰ**

**ਜਦੋਂ ਤੁਹਾਨੂੰ ਘਰ ਵਿੱਚ ਜਾਂ ਕਿਤੇ ਵੀ ਔਨਲਾਈਨ ਤੁਰੰਤ ਦੇਖਭਾਲ ਦੀ ਲੋੜ ਹੁੰਦੀ ਹੈ**

ਇਹ ਮੁਫ਼ਤ ਸੇਵਾ, ਜੋ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੈ, ਤੁਹਾਨੂੰ ਆਪਣੇ ਕੰਪਿਊਟਰ ਜਾਂ ਮੋਬਾਈਲ ਫ਼ੋਨ ਤੋਂ ਇੱਕ ਐਮਰਜੈਂਸੀ ਡਾਕਟਰ ਜਾਂ ਨਰਸ ਨਾਲ ਜੋੜਦੀ ਹੈ।

ਤੁਸੀਂ ਵੱਖ-ਵੱਖ ਭਾਸ਼ਾਵਾਂ ਵਿੱਚ ਰਜਿਸਟਰ ਕਰ ਸਕਦੇ ਹੋ।

ਦੁਭਾਸ਼ੀਆ ਸੇਵਾਵਾਂ ਵੀ ਉਪਲਬਧ ਹਨ।



**ਤੁਰੰਤ ਦੇਖਭਾਲ ਕਲੀਨਿਕ**

**ਜਦੋਂ ਤੁਹਾਨੂੰ ਨਿੱਜੀ ਰੂਪ ਵਿੱਚ ਸਿਹਤ ਸੰਭਾਲ ਦੀ ਤੁਰੰਤ ਲੋੜ ਹੁੰਦੀ ਹੈ**

ਵਿਕਟੋਰੀਆ ਵਿੱਚ ਸਾਡੇ ਕੋਲ 29 ਤੁਰੰਤ ਦੇਖਭਾਲ ਕਲੀਨਿਕ ਹਨ। ਉਹ ਹਫ਼ਤੇ ਵਿੱਚ 7 ਦਿਨ ਸਵੇਰ ਤੋਂ ਦੇਰ ਰਾਤ ਤੱਕ ਤੁਹਾਡੇ ਲਈ ਖੁੱਲ੍ਹੇ ਰਹਿੰਦੇ ਹਨ।

**ਜੇਕਰ ਤੁਸੀਂ ਕਿਸੇ ਜਾਨ ਨੂੰ ਜ਼ੋਖਮ ਵਾਲੀ ਸਥਿਤੀ ਵਿੱਚ ਹੋ ਅਤੇ ਤੁਰੰਤ ਐਮਰਜੈਂਸੀ ਸਹਾਇਤਾ ਦੀ ਲੋੜ ਹੈ, ਤਾਂ ਟ੍ਰਿਪਲ ਜ਼ੀਰੋ (000) 'ਤੇ ਫ਼ੋਨ ਕਰੋ ਜਾਂ ਆਪਣੇ ਸਭ ਤੋਂ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਜਾਓ।**

ਵਧੇਰੇ ਜਾਣਕਾਰੀ ਲਈ, www.urgentcare.vic.gov.au 'ਤੇ ਜਾਓ ਜਾਂ ਆਪਣੇ ਮੋਬਾਈਲ ਫ਼ੋਨ ਨਾਲ QR ਕੋਡ ਨੂੰ ਸਕੈਨ ਕਰੋ।

Urgent Care Services Victoria

VICTORIA State Government